BRAMPTON Flower City brampton.ca

media release

27 ਜੂਨ, 2018

# ਕਾਊਂਸਿਲ ਨੇ ਨਿੱਜੀ ਆਵਾਜਾਈ ਕੰਪਨੀਆਂ ਦੀ ਲਾਇਸੈਂਸਿੰਗ ਨੂੰ ਮਨਜ਼ੂਰੀ ਦਿੱਤੀ

ਬ੍ਰੈਂਪਟਨ, ਓਨਟੈਰੀਓ – ਅੱਜ ਬ੍ਰੈਂਪਟਨ ਸਿਟੀ ਕਾਊਂਸਿਲ (Brampton City Council) ਨੇ ਇੱਕ ਨਵੀਂ ਨਿੱਜੀ ਆਵਾਜਾਈ ਕੰਪਨੀ (Personal Transportation Company) (ਪੀ.ਟੀ.ਸੀ.) (PTC) ਵਾਹਨ ਲਸੰਸ ਸ਼੍ਰੇਣੀ ਬਣਾਉਂਦੇ ਹੋਏ, ਮੋਬਾਈਲ ਲਾਇਸੈਂਸਿੰਗ ਬਾਇ-ਲਾਅ (ਉਪ-ਨਿਯਮ) (Mobile Licensing By-law) ਵਿੱਚ ਸੋਧ ਨੂੰ ਮਨਜ਼ੂਰੀ ਦੇ ਦਿੱਤੀ। ਨਵੀਂ ਸ਼੍ਰੇਣੀ ਹੇਠ, ਰਾਈਡ-ਸ਼ੇਅਰਿੰਗ ਕੰਪਨੀਆਂ ਹੁਣ ਬ੍ਰੈਂਪਟਨ ਵਿੱਚ ਕਨੂੰਨੀ ਤੌਰ 'ਤੇ ਸੰਚਾਲਨ ਕਰ ਸਕਣਗੀਆਂ, ਜਿਵੇਂ ਕਿ ਉਬਰ (Uber and Lyft)।

ਸਟਾਫ਼ ਨੇ ਗਾਹਕਾਂ ਦੀਆਂ ਲੋੜਾਂ ਅਤੇ ਹਿੱਤਾਂ ਨੂੰ ਯਕੀਨੀ ਬਣਾਉਣ ਦੇ ਸਾਧਨ ਦੇ ਤੌਰ 'ਤੇ ਮੋਬਾਈਲ ਲਾਇਸੈਂਸਿੰਗ ਬਾਇ-ਲਾਅ ਦੀ ਸਮੀਖਿਆ ਸ਼ੁਰੂ ਕੀਤੀ ਸੀ, ਜਿਸ ਵਿੱਚ ਟੈਕਸੀ ਇੰਡਸਟਰੀ ਅਤੇ ਪੀ.ਟੀ.ਸੀ. ਸੰਤੁਲਿਤ ਸਨ। ਸਮੀਖਿਆ ਵਿੱਚ ਵਿਆਪਕ ਸਟੇਕਹੋਲਡਰ ਭਾਗੀਦਾਰੀ ਅਤੇ ਬਿਹਤਰ ਪੱਧਤੀਆਂ ਲਈ ਹੋਰ ਮਿਊਨਿਸਿਪਲਟੀਜ ਦਾ ਮੁਲਾਂਕਣ ਕਰਨਾ ਸ਼ਾਮਲ ਸੀ, ਜਿਵੇਂ ਕਿ ਬਾਇ-ਲਾਅ ਨੂੰ ਸੋਧਣ ਵਿੱਚ ਵਿਚਾਰ ਕੀਤਾ ਗਿਆ ਸੀ।

ਸਮੀਖਿਆ ਕਰਦੇ ਸਮੇਂ ਜਨਤਕ ਸੁਰੱਖਿਆ ਅਤੇ ਖਪਤਕਾਰ ਰੱਖਿਆ ਮੁੱਖ ਤਰਜੀਹਾਂ ਸਨ। ਨਵੀਂ ਵਾਹਨ ਲਸੰਸ ਸ਼੍ਰੇਣੀ ਵਿੱਚ ਸ਼ਰਤ ਹੈ ਕਿ ਪੀ.ਟੀ.ਸੀ. ਇਹ ਯਕੀਨੀ ਬਣਾਉਣ ਲਈ ਕਿ ਉਹ ਬਾਇ-ਲਾਅ ਦੀਆਂ ਸ਼ਰਤਾਂ ਪੂਰੀਆਂ ਕਰਦੇ ਹਨ, ਡ੍ਰਾਈਵਰ ਅਤੇ ਵਾਹਨ ਬਾਰੇ ਜਾਣਕਾਰੀ ਇਕੱਤਰ ਕਰਨ ਅਤੇ ਸਾਰੇ ਵਾਹਨਾਂ ਦਾ ਮੁਆਇਨਾ ਕਰਨ। ਪੀ.ਟੀ.ਸੀ. ਲਈ ਲਾਜ਼ਮੀ ਹੈ ਕਿ ਉਹ ਪੀ.ਟੀ.ਸੀ. ਐਪਾਂ 'ਤੇ ਇਸਤੇਮਾਲ ਹੋਣ ਵਾਲੇ ਸਾਰੇ ਡ੍ਰਾਈਵਰਾਂ ਲਈ ਸਿਟੀ ਦੀ ਲਾਇਸੈਂਸਿੰਗ ਥਰੈਸ਼ਹੋਲਡ ਪਾਲਸੀ (Licensing Threshold Policy) ਲਾਗੂ ਕਰਨ, ਜਿਸ ਵਿੱਚ ਅਪਰਾਧਿਕ ਪਿਛੋਕੜ ਦੀ ਜਾਂਚ ਦੇ ਨਾਲ-ਨਾਲ ਡ੍ਰਾਈਵਰ ਦੇ ਰਿਕਾਰਡ ਦੀ ਜਾਂਚ ਸ਼ਾਮਲ ਹੈ। ਪੀ.ਟੀ.ਸੀ. ਨੂੰ ਬੀਮੇ ਦਾ ਸਬੂਤ ਮੁਹੱਈਆ ਕਰਨ ਦੀ ਲੋੜ ਹੈ ਅਤੇ ਉਹਨਾਂ ਦੀਆਂ ਪਾਲਸੀਆਂ ਵਿੱਚ ਕੋਈ ਵੀ ਤਬਦੀਲੀ ਹੋਣ 'ਤੇ ਸਿਟੀ ਨੂੰ ਸੂਚਿਤ ਕਰਨਾ ਲਾਜ਼ਮੀ ਹੈ। ਜੇਕਰ ਕਿਸੇ ਪੀ.ਟੀ.ਸੀ. ਡ੍ਰਾਈਵਰ ਦੀ ਆਪਣੀ ਖੁਦ ਦੀ ਵਿਵਸਾਇਕ ਬੀਮਾ ਪਾਲਸੀ ਹੈ, ਤਾਂ ਪੀ.ਟੀ.ਸੀ. ਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਇਹ ਹਮੇਸ਼ਾ ਵੈਧ ਹੋਵੇ, ਜਦੋਂ ਡ੍ਰਾਈਵਰ ਐਪ ਵਰਤ ਰਿਹਾ ਹੋਵੇ। ਪੀ.ਟੀ.ਸੀ. ਨਾਲ ਜੁੜੇ ਵਾਹਨਾਂ ਲਈ ਇਹ ਲਾਜ਼ਮੀ ਹੈ:

- ਉਹ ਵੱਧ ਤੋਂ ਵੱਧ ਸੱਤ ਸਾਲ ਪੁਰਾਣੇ ਹੋਣ
- ਉਹਨਾਂ ਵਿੱਚ ਇੱਕ ਵਹੀਲਚੇਅਰ ਜਾਂ ਹੋਰ ਗਤੀਸ਼ੀਲਤਾ ਡਿਵਾਈਸਾਂ ਰੱਖਣ ਦੀ ਸਮਰੱਥਾ ਵਾਲਾ ਇੱਕ ਟਰੰਕ ਹੋਵੇ
- ਲਸੰਸ ਜਾਰੀਕਰਤਾ (Licence Issuer) ਵੱਲੋਂ ਮਨਜ਼ੂਰੀ ਦਿੱਤੇ ਹੋਏ ਹੋਣ ਦੇ ਤੌਰ 'ਤੇ ਇੱਕ ਆਈਡੈਂਟੀਫਾਇਰ ਡਿਸਪਲੇ ਕਰਨਾ
- ਪੀ.ਟੀ.ਸੀ. ਵੱਲੋਂ ਜਾਰੀ ਕੀਤੇ ਇੱਕ ਵੈਧ ਪਛਾਣ ਕਾਰਡ 'ਤੇ ਸੂਚੀਬੱਧ ਹੋਣਾ, ਜਿਸ ਵਿੱਚ ਬੀਮਾ ਕਵਰੇਜ ਸ਼ਾਮਲ ਹੋਵੇ

ਬਾਇ -ਲਾਅ ਹੇਠ, ਪੀ.ਟੀ.ਸੀ. ਦੇ ਨਿਊਨਤਮ ਜਾਂ ਅਧਿਕਤਮ ਰੇਟ ਨਹੀਂ ਹੋਣਗੇ। ਉਹਨਾਂ ਨੂੰ ਗਾਹਕਾਂ ਨੂੰ ਕੋਈ ਵੀ ਲਾਗੂ ਵਧਣ ਵਾਲੀਆਂ ਕੀਮਤਾਂ ਸਮੇਤ ਰੇਟ ਦੱਸਣ ਅਤੇ ਗਾਹਕ ਵੱਲੋਂ ਬੇਨਤੀ ਕੀਤੇ ਯਾਤਰਾ ਦੇ ਕੁੱਲ ਖ਼ਰਚ ਦਾ ਅਨੁਮਾਨ ਮੁਹੱਈਆ ਕਰਨ ਦੀ ਲੋੜ ਹੋਵੇਗੀ। ਪੀ.ਟੀ.ਸੀ. ਨੂੰ ਆਪਣੇ ਵੈੱਬਪੇਜ਼ 'ਤੇ ਰੇਟ ਦੀ ਸੂਚੀ ਦੇਣ ਦੀ, ਅਤੇ ਗਾਹਕਾਂ ਨੂੰ ਕਿਸੇ ਵੀ ਖ਼ਰਚਿਆਂ ਦਾ ਵਿਸ਼ਲੇਸ਼ਣ ਦਿਖਾਉਣ ਵਾਲੀਆਂ ਰਸੀਦਾਂ ਮੁਹੱਈਆ ਕਰਨ ਦੀ ਵੀ ਲੋੜ ਹੋਵੇਗੀ।

ਰਾਈਡ-ਸ਼ੇਅਰਿੰਗ ਕੰਪਨੀਆਂ ਦੀ ਲਾਇਸੈਂਸਿੰਗ ਬ੍ਰੈਂਪਟਨ ਦੇ ਨਿੱਜੀ ਆਵਾਜਾਈ ਉਦਯੋਗ ਵਿੱਚ ਵਧੇ ਹੋਏ ਮੁਕਾਬਲੇ ਅਤੇ ਨਵੀਨਤਾ ਲਈ ਇਜਾਜ਼ਤ ਦੇਵੇਗੀ, ਅਤੇ ਸ਼ਹਿਰ ਦੀ ਨੌਜਵਾਨ, ਤਕਨੀਕੀ ਜਾਣਕਾਰੀ ਵਾਲੀ ਅਤੇ ਤੇਜ਼ੀ ਨਾਲ ਵਧਣ ਵਾਲੀ ਨਿਵਾਸੀ ਅਬਾਦੀ ਦੀਆਂ ਆਵਾਜਾਈ ਸਬੰਧੀ ਲੋੜਾਂ ਨੂੰ ਇੱਕ ਸੁਰੱਖਿਅਤ ਢੰਗ ਨਾਲ ਪੂਰਾ ਕਰਨ ਵਿੱਚ ਮਦਦ ਕਰੇਗੀ। ਸਟਾਫ ਅਨੁਪਾਲਨ ਨੂੰ ਯਕੀਨੀ ਬਣਾਉਣ ਲਈ ਨਿਰੰਤਰ ਆਧਾਰ 'ਤੇ ਪੀ.ਟੀ.ਸੀ. ਦਾ ਨਿਰੀਖਣ ਕਰੇਗਾ, ਅਤੇ ਲਾਇਸੈਂਸਿੰਗ ਸੂਚੀ ਵਿੱਚ ਲੋੜੀਂਦੇ ਕਿਸੇ ਵੀ ਸਮਾਯੋਜਨਾਂ ਬਾਰੇ ਲਗਭਗ ਇੱਕ ਸਾਲ ਵਿੱਚ ਕਾਊਂਸਿਲ ਨੂੰ ਵੇਰਵੇ ਦੇਵੇਗਾ।

ਬ੍ਰੈਂਪਟਨ ਵਿੱਚ ਪੀ.ਟੀ.ਸੀ. (PTC) ਅਤੇ ਮੋਬਾਈਲ ਲਾਇਸੈਂਸਿੰਗ ਬਾਇ-ਲਾਅ ਬਾਰੇ ਹੋਰ ਜਾਣਕਾਰੀ ਲਈ , www.brampton.ca 'ਤੇ ਜਾਓ।

**ਹਵਾਲਾ**

"ਬ੍ਰੈਂਪਟਨ ਦੀ ਅਬਾਦੀ ਤੇਜ਼ੀ ਨਾਲ ਵਧ ਰਹੀ ਹੈ ਅਤੇ ਸਾਡੇ ਨਿਵਾਸੀ ਸ਼ਹਿਰ ਵਿੱਚ ਅਤੇ ਅੱਗੇ ਆਉਣ-ਜਾਣ ਲਈ ਵੱਧ ਲਚਕੀਲੇ ਆਵਾਜਾਈ ਵਿਕਲਪਾਂ ਦੀ ਮੰਗ ਕਰ ਰਹੇ ਹਨ। ਟੈਕਸੀ ਐਡਵਾਈਜ਼ਰੀ ਕਮੇਟੀ (Taxi Advisory Committee) ਨੇ ਬਹੁਤ ਮਿਹਨਤ ਕੀਤੀ ਹੈ ਅਤੇ ਕਾਉਂਸਿਲ ਦੇ ਵੱਲੋਂ, ਮੈਂ ਇਸ ਕਮੇਟੀ ਦੇ ਹਰੇਕ ਮੈਂਬਰ ਦਾ ਧੰਨਵਾਦ ਕਰਦੀ ਹਾਂ। ਕਮੇਟੀ ਦੀ ਵਿਆਪਕ ਮਸ਼ਵਰਾ ਪ੍ਰਕਿਰਿਆ ਦੁਆਰਾ, ਸਿਟੀ ਇੱਕ ਮੋਬਾਈਲ ਲਾਇਸੈਂਸਿੰਗ ਬਾਇ-ਲਾਅ ਤਿਆਰ ਕਰਨ ਵਿੱਚ ਸਮਰੱਥ ਸੀ, ਜੋ ਨਿਵਾਸੀਆਂ ਅਤੇ ਆਉਣ ਵਾਲਿਆਂ (ਵਿਜੀਟਰਾਂ) ਦੀਆਂ ਆਵਾਜਾਈ ਸਬੰਧੀ ਲੋੜਾਂ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਪੂਰਾ ਕਰਦੇ ਹੋਏ ਜਨਤਕ ਸੁਰੱਖਿਆ ਨੂੰ ਯਕੀਨੀ ਬਣਾਉਂਦੀ ਹੈ।"

- *ਮੇਅਰ ਲਿੰਡਾ ਜੈਫਰੀ (Linda Jeffrey)*

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।